ਤੀਰਥ ਕਲਪ ਵਿਚ ਇਸੇ ਪਾਵਾ ਦਾ ਜ਼ਿਕਰ ਹੈ । ਭਗਵਾਨ ਮਹਾਵੀਰ ਨਾਲ ਸਬੰਧਤ ਪਾਵਾ ਲੱਭਣ ਲਈ ਇਹ ਗ੍ਰੰਥ ਬਹੁਤ ਸਹਾਇਕ ਹੈ ।

## ਵੈਦਿਕ ਸਾਹਿਤ ਅਤੇ ਭਗਵਾਨ ਮਹਾਵੀਰ–

ਹਿੰਦੂ ਸਾਹਿਤ ਵਿਚ ਜਿਥੇ ਭਗਵਾਨ ਰਿਸ਼ਭਦੇਵ, ਅਰਿਸ਼ਟਨੇਮਿ ਆਦਿ ਤੀਰਥੰਕਰਾਂ ਦਾ ਜ਼ਿਕਰ ਆਇਆ ਹੈ । ਉਥੇ ਜੈਨ ਧਰਮ ਸਬੰਧੀ ਭਰਪੂਰ ਸਾਮਗਰੀ ਵੇਦ, ਪੁਰਾਣ ਆਦਿ ਵੈਦਿਕ ਸਾਹਿਤ ਵਿਚ ਮਿਲਦੀ ਹੈ । ਕੋਈ ਵੀ ਪੁਰਾਣ ਅਜਿਹਾ ਨਹੀਂ, ਜਿਸ ਵਿਚ ਪਹਿਲੇ ਤੀਰਥੰਕਰ ਭਗਵਾਨ ਰਿਸ਼ਭਦੇਵ ਦਾ ਜ਼ਿਕਰ ਨਾ ਆਇਆ ਹੋਵੇ । ਪੁਰਾਣਕਾਰਾਂ ਨੇ ਭਗਵਾਨ ਰਿਸ਼ਭਦੇਵ ਨੂੰ ਭਗਵਾਨ ਵਿਸ਼ਨੂੰ ਜੀ ਦਾ ਅਵਤਾਰ ਅਤੇ ਸ਼੍ਰਮਣ ਧਰਮ ਦਾ ਪ੍ਰਵਰਤਕ ਮੰਨਿਆ ਹੈ । ਪਰ ਕਿਸੇ ਵੀ ਵੈਦਿਕ ਗ੍ਰੰਥ ਵਿਚ ਅੱਜ ਤੱਕ ਭਗਵਾਨ ਮਹਾਵੀਰ ਬਾਰੇ ਇਕ ਸ਼ਬਦ ਨਹੀਂ ਮਿਲਦਾ । ਹੁਣ ਤੱਕ ਕਿਸੇ ਵੀ ਵੈਦਿਕ ਗ੍ਰੰਥਕਾਰ ਨੇ ਭਗਵਾਨ ਮਹਾਵੀਰ ਦੇ ਹੱਕ ਜਾਂ ਵਿਰੋਧ ਵਿਚ ਕੋਈ ਸ਼ਬਦ ਨਹੀਂ ਲਿਖਿਆ ਇਸੇ ਸਿਟੇ ਵਜੋਂ ਪੱਛਮ ਦੇ ਕੁਝ ਲੇਖਕ 19ਵੀਂ ਸਦੀ ਤਕ (ਡਾ ਲਯੋਸਨ ਆਦਿ ਨੇ ਜੈਨ ਧਰਮ ਅਤੇ ਬੁੱਧ ਧਰਮ ਨੂੰ ਇਕੋ ਸਮਝਦੇ ਰਹੇ । ਮਹਾਤਮਾ ਬੁੱਧ ਨੂੰ ਮਹਾਵੀਰ ਆਖਦੇ ਰਹੇ । ਇਸ ਸਭ ਦਾ ਕਾਰਣ ਕੀ ਹੈ ? ਇਹ ਬਹੁਤ ਵਿਚਾਰ ਕਰਨ ਵਾਲੀ ਗੱਲ ਹੈ ਜਿਸ ਮਹਾਪੁਰਸ਼ਾਂ ਨੇ ਸੰਸਾਰ ਤੇ ਇੰਨੇ ਉਪਕਾਰ ਕੀਤੇ, ਉਸ ਦਾ ਉਸ ਸਮੇਂ ਦੇ ਸਾਹਿਤ ਵਿਚ ਨਾ ਤਕ ਨਾ ਆਉਣਾ, ਇਕ ਅਚੰਭੇ ਵਾਲੀ ਗੱਲ ਹੈ । ਸਾਡੀ ਸਮਝ ਅਨੁਸਾਰ ਇਸ ਦੇ ਹੇਠ ਲਿਖੇ ਕਾਰਣ ਹੋ ਸਕਦੇ ਹਨ :

(1) ਇਸ ਵੈਦਿਕ ਧਰਮ ਦਾ ਆਧਾਰ ਚਾਰ ਵੇਦ ਰਹੇ ਹਨ । ਵੈਦਿਕ ਧਰਮ ਵਾਲੇ ਵੇਦਾਂ ਤੋਂ ਉਲਟ ਚੱਲਣ ਵਾਲੇ ਨੂੰ ਨਾਸਤਿਕ ਸਮਝਦੇ ਹਨ । ਇਸੇ ਕਾਰਣ ਸ਼ਾਇਦ ਭਗਵਾਨ ਮਹਾਵੀਰ ਦਾ ਜ਼ਿਕਰ ਨਾ ਆਇਆ ਹੋਵੇ ।

(2) ਭਗਵਾਨ ਮਹਾਵੀਰ ਨੇ ਵੇਦਾਂ ਤੇ ਅਧਾਰਿਤ ਜਾਤ-ਪਾਤ ਅਤੇ ਛੂਤ ਛਾਤ ਆਦਿ ਬੁਰਾਈਆਂ ਨਾਲ ਖੁੱਲ ਕੇ ਟੱਕਰ ਲਈ । ਉਨ੍ਹਾਂ ਆਪਣੇ ਧਰਮ ਸੰਘ ਵਿਚ ਛੋਟੀਆਂ ਆਖੀਆਂ ਜਾਣ ਵਾਲੀਆਂ ਜਾਤਾਂ ਨੂੰ ਬਰਾਬਰੀ ਦੀ ਥਾਂ ਦਿਤੀ । ਭਗਵਾਨ ਮਹਾਵੀਰ ਦੀ ਵਿਰੋਧਤਾ ਦਾ ਇਹ ਕਾਰਣ ਵੀ ਹੋ ਸਕਦਾ ਹੈ ।

(3) ਭਗਵਾਨ ਮਹਾਵੀਰ ਨੇ ਯੱਗਾਂ ਤੇ ਅਧਾਰਿਤ ਹਿੰਸਾ ਦਾ, ਪਸ਼ੂ ਬਲੀ ਅਤੇ ਬਹੁਦੇਵ ਵਾਦ ਦੀ ਖੁਲ੍ਹ ਕੇ ਨਿੰਦਾ ਕੀਤੀ । ਇੰਨੀ ਨਿੰਦਾ ਉਸ ਸਮੇਂ ਦੇ ਕਿਸੇ ਵੀ ਧਰਮ ਪ੍ਰਚਾਰਕ ਨੇ ਨਹੀਂ ਕੀਤੀ । ਹੋ ਸਕਦਾ ਹੈ, ਇਸ ਧਾਰਮਿਕ ਵਿਰੋਧਤਾ ਦੇ ਕਾਰਣ ਭਗਵਾਨ ਮਹਾਵੀਰ ਦਾ ਜ਼ਿਕਰ ਨਾ ਆਇਆ ਹੋਵੇ । ਹੋਰ ਤੀਰਥੰਕਰਾਂ ਸਮੇਂ ਇਹ ਬੁਰਾਈਆਂ ਵੈਦਿਕ ਧਰਮ ਵਿਚ ਨਾ ਹੋਣ, ਇਸੇ ਕਾਰਣ ਬਹੁਤ ਸਾਰੇ ਪ੍ਰਮੁਖ ਤੀਰਥੰਕਰਾਂ ਦਾ ਵੈਦਿਕ ਸਾਹਿਤ ਵਿਚ ਵਰਣਨ ਆਇਆ ਹੈ ।

(4) ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਵੈਦਿਕ ਧਰਮ ਵਿਚ ਬ੍ਰਾਹਮਣਾਂ ਦੀ ਪ੍ਰਮੁਖ ਭੂਮਿਕਾ ਰਹੀ ਹੈ । ਜਦੋਂ ਕਿ ਸ਼੍ਰਮਣ ਸੰਸਕ੍ਰਿਤੀ ਵਿਚ ਖਤਰੀ ਹੀ ਧਰਮ ਪ੍ਰਮੁਖ ਰਹੇ

ਹਨ । ਇਕ ਖਤਰੀ ਧਰਮ ਦਾ ਉਪਦੇਸ਼ ਕਰੇ. ਸ਼ਾਇਦ ਇਹ ਗੱਲ ਉਸ ਸਮੇਂ ਦੇ ਪਰੰਪਰਾਵਾਦੀ ਬ੍ਰਾਹਮਣ ਸਮਾਜ ਨੂੰ ਚੰਗੀ ਨਾ ਲਗੀ ਹੋਵੇ । ਕਈ ਲੋਕ ਅੱਜ ਕਲ ਬੁੱਧ ਦੀ ਤਰ੍ਹਾਂ ਹਨੂਮਾਨ ਬਜਰੰਗ ਬਲੀ ਲਈ ਮਹਾਵੀਰ ਸ਼ਬਦ ਵਰਤਦੇ ਹਨ । ਸਾਡੇ ਦੇਸ਼ ਵਿਚ ਬਹਾਦਰ ਫੌਜੀਆਂ ਲਈ ਮਹਾਵੀਰ ਚੱਕਰ ਨਾਂ ਦਾ ਤਗਮਾ ਹੈ । ਸੋ ਸਾਰੀਆਂ ਗਲਾਂ ਦਾ ਨਿਚੋੜ ਇਹ ਹੈ ਕਿ ਮਹਾਵੀਰ ਇਕ ਵਿਸ਼ੇਸ਼ਣ ਹੈ । ਕੋਈ ਵਿਅਕਤੀ ਦਾ ਨਾਂ ਨਹੀਂ ਕਿਉਂਕਿ ਮਹਾਵੀਰ ਵਰਧਮਾਨ ਨਾਲ, ਪ੍ਰਾਚੀਨ ਸਮੇਂ ਤੋਂ ਜੁੜਿਆ ਆ ਰਿਹਾ ਹੈ । ਇਸ ਲਈ ਅਸੀਂ ਤੀਰਥੰਕਰ ਵਰਧਮਾਨ ਨੂੰ ਤੀਰਥੰਕਰ ਭਗਵਾਨ ਮਹਾਵੀਰ ਆਖਦੇ ਹਨ । ਵਰਧਮਾਨ ਵੀ ਬਚਪਨ ਵਿਚ ਬਹਾਦਰ ਸਨ ਜਿਸ ਦੇ ਸਨਮਾਨ ਵਜੋਂ ਇੰਦਰ ਨੇ ਉਨ੍ਹਾਂ ਨੂੰ ਮਹਾਵੀਰ ਨਾਂ ਦਿਤਾ ।

## ਬੁੱਧ ਧਰਮ ਅਤੇ ਭਗਵਾਨ ਮਹਾਵੀਰ

ਈ. ਪੂਰਵ 6ਵੀਂ ਸਦੀ ਦਾ ਸਮਾਂ ਭਾਰਤ ਲਈ ਹੀ ਨਹੀਂ, ਸਗੋਂ ਸਮੁਚੇ ਏਸ਼ੀਆ ਦੇ ਧਾਰਮਿਕ ਉਥਲ ਪੁਥਲ ਅਤੇ ਕ੍ਰਾਂਤੀ ਦਾ ਸਮਾਂ ਹੈ । ਇਸ ਸਮੇਂ ਚੀਨ ਵਿਚ ਲਾਉਤਸੇ, ਗਰੀਸ ਵਿਚ ਪੈਥਾਗੋਰਸ, ਈਰਾਨ ਵਿਚ ਜਰਥੁਸਤ ਨੇ ਜਨਮ ਲਿਆ ।

ਇਸੇ ਭਾਰਤ ਵਿਚ ਜੈਨ ਪਰੰਪਰਾ ਅਨੁਸਾਰ 363 ਮਤ ਅਤੇ ਬੁੱਧ ਪਰੰਪਰਾ ਅਨੁਸਾਰ 63 ਸ਼੍ਰਮਣ ਮਤਾਂ[1] ਦਾ ਵਰਨਣ ਵੀ ਮਿਲਦਾ ਹੈ । ਜੈਨ ਸ਼ਾਸ਼ਤਰ ਸੂਤਰ ਕ੍ਰਿਤਾਂਗ ਵਿਚ ਇਨ੍ਹਾਂ ਮਤਾਂ ਦੇ ਚਾਰ ਭਾਗ ਕਰਕੇ ਵਿਸਥਾਰ ਨਾਲ ਚਰਚਾ ਕੀਤੀ ਹੈ । ਇਨ੍ਹਾਂ ਨੂੰ 4 ਸਮੋਸਰਨ (ਧਰਮ ਸਭਾ) ਆਖਿਆ ਗਿਆ ਹੈ । ਇਹ ਭੇਦ ਇਸ ਪ੍ਰਕਾਰ ਹਨ |[2] (1) **ਕ੍ਰਿਆਵਾਦ** – ਕ੍ਰਿਆਵਾਦੀ ਆਤਮਾ ਦਾ ਕ੍ਰਿਆ ਨਾਲ ਸਬੰਧ ਸਥਾਪਿਤ ਕਰਦੇ ਹਨ। ਉਨ੍ਹਾਂ ਦਾ ਸਿਧਾਂਤ ਹੈ ਕਿ ਕਰਤਾ ਬਿਨਾ ਪੁੰਨ, ਪਾਪ ਆਦਿ ਕ੍ਰਿਆ ਨਹੀਂ ਹੁੰਦੀ । ਇਹ ਜੀਵ ਆਦਿ ਨੌਂ ਪਦਾਰਥ ਨੂੰ ਇਕਾਂਤ ਰੂਪ ਵਿਚ ਮੰਨਦੇ ਹਨ । ਇਨ੍ਹਾਂ ਦੇ 180 ਭੇਦ ਹਨ ।

**(2) ਅਕ੍ਰਿਆਵਾਦੀ :–**

ਇਸ ਦਾ ਵਰਣਨ ਦਸ਼ਾਰਸ਼ਰੁਤ ਸਕੰਧ ਵਿਚ ਆਇਆ ਹੈ । ਇਨ੍ਹਾਂ ਦਾ ਮੱਤ ਹੈ " ਲੋਕ ਨਹੀਂ, ਪਰਲੋਕ ਨਹੀਂ, ਮਾਤਾ ਨਹੀਂ, ਪਿਤਾ ਨਹੀਂ, ਅਰਿਹੰਤ ਨਹੀਂ ਚਕਰਵਰਤੀ ਨਹੀਂ, ਬਲਦੇਵ ਨਹੀਂ, ਵਾਸੂਦੇਵ ਨਹੀਂ, ਨਰਕ ਨਹੀਂ, ਨਰਕ ਵਿਚ ਕੋਈ ਜਨਮ ਨਹੀਂ ਲੈਂਦਾ, ਚੰਗੇ ਜਾਂ ਮਾੜੇ ਦਾ ਕੋਈ ਫਲ ਨਹੀਂ, ਮੁਕਤੀ ਨਹੀਂ, ਇਸ ਲਈ ਸਾਰੀਆਂ ਧਾਰਮਿਕ ਕ੍ਰਿਆਵਾਂ ਬੇਕਾਰ ਹਨ । " ਇਨ੍ਹਾਂ ਦੇ 84 ਭੇਦ ਹਨ ।

---

1. **ਯਾਨਿ ਚ ਤੀਣਿ, ਯਾਨਿ ਚ ਸਟ੍ਠੀ** ਸੂਤਰ ਨਿਪਾਤ ਸਭਿਸੁਤ
2. ਸੂਤਰ ਕ੍ਰਿਤਾਂਗ ਵਿਰਤੀ 1/12

**ਅਗਿਆਨਵਾਦ :-**

ਅਗਿਆਨਵਾਦ ਦਾ ਆਖਣਾ ਹੈ " ਸਾਰੇ ਝਗੜੇ ਦੀ ਜੜ੍ਹ ਗਿਆਨ ਹੈ । ਕਿਉਂਕਿ ਗਿਆਨ ਜਾਂ ਅਧੂਰਾ ਗਿਆਨ ਹੀ ਸਭ ਝਗੜਿਆਂ ਦਾ ਮੂਲ ਹੈ । ਜਿਸ ਮਨੁਖ ਨੂੰ ਗਿਆਨ ਹੀ ਨਹੀਂ ਹੋਵੇਗਾ । ਉਸ ਦਾ ਹੀ ਕਲਿਆਣ ਹੋਵੇਗਾ । ਇਸ ਮਤ ਦੇ 67 ਭੇਦ ਹਨ ।

**ਵਿਨੈਵਾਦ :-**

ਵਿਨੈਪੂਰਵਕ ਵਿਵਹਾਰ ਕਰਨ ਵਾਲੇ ਨੂੰ ਵਿਨੈਵਾਦੀ ਆਖਦੇ ਹਨ । ਇਹ ਸਾਧੂ ਗਊ ਅਤੇ ਕੁਤੇ ਦਾ ਇਕੋ ਜਿਹਾ ਸਤਿਕਾਰ ਕਰਦੇ ਹਨ । ਇਹ ਬਿਨਾ ਲਿੰਗ ਭੇਦ ਤੋਂ ਸਭ ਦੀ ਵਿਨੈ (ਸੇਵਾ ਭਗਤੀ) ਕਰਦੇ ਹਨ । ਦੇਵਤਾ, ਰਾਜਾ, ਸਾਧੂ, ਦਾਸ, ਬੁਢੇ, ਪਾਪੀ, ਮਾਤਾ ਅਤੇ ਪਿਤਾ ਦੀ ਮਨ ਬਚਨ ਤੇ ਸਰੀਰ ਰਾਹੀਂ ਯੋਗ ਵਿਨੈ ਆਦਰ ਕਰਨਾ, ਇਨ੍ਹਾਂ ਦਾ ਧਰਮ ਹੈ ।" ਇਹ ਸਿਰਫ ਮੁਕਤੀ ਨੂੰ ਮੰਨਦੇ ਹਨ । ਇਨ੍ਹਾਂ ਦੇ 32 ਭੇਦ ਹਨ ।[1]

## 363 ਮਤਾਂ ਦੇ ਪ੍ਰਵਰਤਕ

ਪ੍ਰਸਿਧ ਜੈਨ ਗ੍ਰੰਥ ਤਤਵਾਰਥ ਰਾਜਵਾਰਤੀਕ ਵਿਚ ਅਚਾਰੀਆ ਅੰਕਲਕ ਨੇ ਇਨ੍ਹਾਂ ਮਤਾਂ ਨੇ ਕੁਝ ਪ੍ਰਸਿੱਧ ਅਚਾਰੀਆ ਦੇ ਨਾਂ ਦਸੇ ਹਨ । ਉਹ ਇਸ ਪ੍ਰਕਾਰ ਹਨ ।[2]

ਕ੍ਰਿਆਵਾਦ ਦੇ ਅਚਾਰੀਆ ਤੇ ਵਿਆਖਿਆਕਾਰ ਕੋਕਲ, ਕਾਠੇਵਿਧੀ, ਕੌਸ਼ਿਕਿ, ਹਰੀ, ਸ਼ਮਸਰੂਮਾਨ, ਕਪਿਲ, ਰੋਮਸ਼ ਹਾਰੀਤ, ਅਸ਼ਵ, ਮੁੰਡ, ਆਸ਼ਵਾਲਾਯਨ ਆਦਿ 180 ਕ੍ਰਿਆਵਾਦ ਮਤ ਦੇ ਅਚਾਰੀਆ ਹਨ ।

ਅਕ੍ਰਿਆਵਾਦ ਦੇ ਅਚਾਰੀਆ ਤੇ ਵਿਆਖਿਆਕਾਰ, ਮਰਿਚਿ, ਕੁਮਾਰ, ਉਲਕ, ਕਪਿਲ, ਗਾਰਗ, ਵਿਆਗਰਭੂਤੀ, ਵਾਦਵਲਿ, ਮਾਠਰ, ਮੋਦਗਾ, ਮੋਦ, ਲਾਯਾਨਨ ਆਦਿ 84 ਅਕ੍ਰਿਆਵਾਦੀ ਮਤਾਂ ਦੇ ਅਚਾਰੀਆ ਅਤੇ ਵਿਆਖਿਆਕਾਰ ਹਨ

ਅਗਿਆਨਵਾਦ ਦੇ ਅਚਾਰੀਆ ਤੇ ਵਿਆਖਿਆਕਾਰ ਸਾਕਲ, ਵਾਸ਼ਕਲ, ਕੁੰਥੁਮੀ, ਸਾਤਯਮੁਗਰੀ, ਚਾਰਾਯਣ, ਕਾਠ, ਮਧਿਆਨੰਦਨੀ, ਮੋਦ, ਪਪਲਿਆਦ, ਵਾਦਰਾਯਣ, ਸ਼ਵਿਸ਼ਠਕ੍ਰਿਤ, ਏਤੀਕਾਯਨ, ਵਸੂ, ਜੇਮਨੀ ਆਦਿ 67 ਅਗਿਆਨਵਾਦ ਅਚਾਰੀਆ ਤੇ ਪ੍ਰਮੁਖ ਵਿਆਖਿਆਕਾਰ ਹਨ ।

ਵਸ਼ਿਸ਼ਟ, ਪ੍ਰਾਸ਼ਰ, ਜਤੂਕਰਨ, ਬਾਲਮੀਕੀ, ਰੋਮਹਰਸਨੀ, ਸਤਯਾਦੱਤ, ਵਿਆਸ, ਏਲਾਪੁਤਰ, ਐਪਮਨੀਅਵ, ਇੰਦਰਦੱਤ, ਅਯਸਥੂਲ ਆਦਿ 32 ਵਿਨੈਵਾਦ ਮੱਤ ਦੇ ਅਚਾਰੀਆ ਤੇ ਵਿਆਖਿਆਕਾਰ ਹਨ ।

ਜੈਨ ਦਰਸ਼ਨ ਅਨੇਕਾਂ ਪਖੋਂ ਕਿਰਿਆਵਾਦੀ ਦਰਸ਼ਨ ਹੈ, ਇਕ ਪਖੋਂ ਨਹੀਂ ।

---

1. ਉਤਰਾਧਿਐਨ ਵਰਿਦ ਵਿਰਤੀ ਪੰਨਾ 444
2. ਤਤਵਾਰਥ ਰਾਜਵਾਰਤਿਕ 8/1 562

ਇਸ ਤੋਂ ਛੁਟ ਸ਼ਭਾਸ਼ਯ ਨਿਸ਼ਥਚੂਰਨੀ ਪੰਨਾ 15 ਵਿਚ ਉਸ ਸਮੇਂ ਦੇ 23 ਮਤਾਂ ਤੇ ਉਨ੍ਹਾਂ ਦੇ ਆਚਾਰੀਆ ਦੇ ਨਾ ਆਏ ਹਨ । ਜੋ ਇਸ ਪ੍ਰਕਾਰ ਹਨ ।

(1) ਆਜੀਵਕ (2) ਈਸ਼ਰਮਤ (3) ਉਲੁਗ (4) ਕਪਿਲ ਮਤ (5) ਕਵਿਲ (6) ਕਾਵਾਲ (7) ਕਾਵਲਿਆ (8) ਚਰਗ (9) ਤਚਨਿਆ (10) ਪਰੀਵਰਾਜਕ (11) ਪੰਡਰੰਗ (12) ਬੋੜੀਤ (13) ਭਿਛੁਗ (ਭਿਕਖੂ) (14) ਭਿਖੂ (15) ਰੱਤਪੜ (16) ਵੇਦ (17) ਸੱਕ (18) ਸਰਖ (19) ਸੁਤੀਵਾਦੀ (20) ਸੇਜਵੜ (21) ਸੇਯਭਿਖੂ (22) ਸ਼ਾਕਯਮਤ (23) ਹਦੁਸਰਖ ।

ਬੁੱਧ ਸਾਹਿਤ ਵਿਚ ਵੀ 6 ਸ਼੍ਰਮਣ ਸੰਪਰਦਾਵਾਂ ਦਾ ਜ਼ਿਕਰ ਆਇਆ ਹੈ, ਜੋ ਇਸ ਪ੍ਰਕਾਰ ਹੈ ।

**6 ਮੱਤ**

(1) ਅਕ੍ਰਿਆਵਾਦ (2) ਨਿਅਤੀਵਾਦ (3) ਉਛੇਦਵਾਦ (4) ਅਨੋਯੋਜਯ ਵਾਦ (5) ਚਤੁਰਯਾਮ ਸੰਭਰਵਾਦ (ਜੈਨ ਧਰਮ) (6) ਵਿਕਸ਼ੇਪ ਵਾਦ ।

6 ਸੰਪਰਦਾਵਾਂ ਦੇ ਪ੍ਰਮੁਖ ਸ਼੍ਰਮਣ ਆਚਾਰੀਆ-

**1. ਪੂਰਨ ਕਾਸ਼ਯਪ-**

ਇਸ ਮਤ ਦਾ ਪੂਰਨ ਕਾਸ਼ਯਪ ਪ੍ਰਵਰਤਕ ਸੀ, ਇਹ ਨੰਗਾ ਰਹਿੰਦਾ ਸੀ । ਇਹ ਅਕ੍ਰਿਆਵਾਦ ਦਾ ਕੱਟੜ ਸਮਰਥਕ ਸੀ । ਉਸ ਦਾ ਮਤ ਸੀ " ਜੇ ਕੋਈ ਕਰੇ ਜਾਂ ਕਰਾਵੇ, ਕਟੇ ਜਾਂ ਕਟਾਵੇ, ਦੁੱਖ ਦੇਵੇ ਜਾਂ ਦਿਲਾਵੇ, ਦੁਖੀ ਕਰੇ ਜਾਂ ਕਰਾਵੇ, ਡਰ ਲਗੇ ਜਾਂ ਡਰਾਵੇ, ਮਾਰੇ ਜਾਂ ਚੋਰੀ ਕਰੇ, ਸੰਨ੍ਹ ਲਾਵੇ, ਡਾਕਾ ਮਾਰੇ, ਇਕੋ ਮਕਾਨ ਤੇ ਹਮਲਾ ਕਰ ਦੇਵੇ, ਪਰਾਈ ਇਸਤਰੀ ਦਾ ਭੋਗ ਕਰੇ ਜਾਂ ਝੂਠ ਬੋਲੇ ਤਾਂ ਵੀ ਕੋਈ ਪਾਪ ਨਹੀਂ ਹੈ । ਅਨੇਕਾਂ ਪਸ਼ੂਆਂ ਨੂੰ ਮਾਰ ਕੇ ਜੇ ਕੋਈ ਮਾਸ ਦਾ ਢੇਰ ਵੀ ਲਾ ਦੇਵੇ ਤਾਂ ਵੀ ਪਾਪ ਨਹੀਂ । ਦਾਨ, ਧਰਮ, ਸੰਜਮ ਅਤੇ ਸਚਾਈ ਕੋਈ ਪੁੰਨ ਨਹੀਂ ।

**2. ਮੰਖਲੀ ਪੁਤਰ ਗੋਸ਼ਾਲਕ-**

ਇਹ ਨਿਅਤੀਵਾਦ ਸਿਧਾਂਤ ਦਾ ਅਚਾਰਿਆ ਸੀ । ਪਹਿਲਾਂ ਇਹ ਭਗਵਾਨ ਮਹਾਵੀਰ ਨਾਲ ਕਰੀਬ 6 ਸਾਲ ਰਿਹਾ । ਉਥੇ ਇਸਨੇ ਤੇਜੋਲੇਸ਼ਿਆ ਨਾਂ ਦੀ ਸ਼ਕਤੀ ਪ੍ਰਾਪਤ ਕੀਤੀ । ਇਸ ਬਾਰੇ ਅਤੇ ਇਸ ਦੇ ਸਿਧਾਂਤ ਵਿਸਥਾਰ ਨਾਲ ਵਰਨਣ ਇਸ ਪੁਸਤਕ ਵਿਚ ਅਤੇ ਭਗਵਤੀ ਸੂਤਰ ਵਿਚ ਦਰਜ ਹੈ । ਇਸ ਦਾ ਮੱਤ 5 ਸਦੀ ਤੱਕ ਚਲਦਾ ਰਿਹਾ । ਇਸ ਦਾ ਸਿਧਾਂਤ ਸੀ " ਕਿ ਸਭ ਕੁਝ ਨਿਅਤ ਹੈ । ਕੁਝ ਕਰਨ ਦੀ ਜਰੂਰਤ ਨਹੀਂ । ਬਲ ਵੀਰਜ਼, ਪੁਰਸ਼ਾਰਥ ਦਾ ਕੋਈ ਮਹੱਤਵ ਨਹੀਂ, ਸਭ ਕੁਝ ਬੇਕਾਰ ਹੈ । ਅਕਲ ਮੰਦ ਤੇ ਮੂਰਖ ਦੋਵੇਂ ਤਰ੍ਹਾਂ ਦੇ ਜੀਵ 80 ਲੱਖ ਮਹਾਂ ਕਲਪ ਤੋਂ ਬਾਅਦ ਆਪਣੇ ਆਪ ਮੁਕਤ ਹੋ ਜਾਂਦੇ ਹਨ ।" ਮੰਖਲੀ ਪੁਤਰ ਉਸ ਸਮੇਂ ਦੇ ਆਚਾਰਿਆ ਵਿਚੋਂ ਮਹਾਤਮਾ ਬੁੱਧ ਤੇ ਮਹਾਵੀਰ ਤੋਂ ਬਾਅਦ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੀ । ਅਸ਼ੋਕ ਦੇ ਸ਼ਿਲਾ ਲੇਖਾਂ ਵਿਚ ਇਸ ਦੇ ਆਜੀਵਕ ਮਤ ਦੀ ਕਈ

ਜਗ੍ਹਾ ਚਰਚਾ ਆਈ ਹੈ । ਅਸ਼ੋਕ ਦੇ ਪੋਤੇ ਦਸ਼ਰਥ ਨੇ ਆਜੀਵਕ ਭਿਖਸ਼ੂਆਂ ਲਈ ਗੁਫਾਵਾਂ ਬਣਾਈਆਂ ਸਨ ।[1]

**3. ਅਜੀਤਕੇਸ਼ ਕੰਬਲ–**

ਉਛੇਦਵਾਦ ਦਾ ਇਹ ਮੁੱਖ ਪ੍ਰਵਰਤਨ ਸੀ । ਇਹ ਬਾਲਾਂ ਦਾ ਬਣਿਆਂ ਕੰਬਲ ਪਹਿਨਦਾ ਸੀ । ਉਸਦਾ ਮੱਤ ਸੀ । ਦਾਨ, ਯੱਗ, ਹਵਨ ਵਿਚ ਕੁਝ ਤੱਥ ਨਹੀਂ, ਚੰਗੇ ਮੰਦੇ ਕਰਮ ਦਾ ਕੋਈ ਫਲ ਨਹੀਂ । ਮਾਤਾ, ਪਿਤਾ, ਦਾਨ, ਨਰਕ, ਦੇਵਤਾ ਆਦਿ ਕੁਝ ਨਹੀਂ । ਮਨੁੱਖ ਦਾ ਸਰੀਰ ਚਾਰ ਭੂਤਾਂ ਦਾ ਬਣਿਆ ਹੈ । ਮਰਨ ਤੋਂ ਮਿਟੀ-ਮਿਟੀ ਵਿਚ ਪਾਣੀ-ਪਾਣੀ ਵਿਚ ਅੱਗ-ਅੱਗ ਵਿਚ ਅਤੇ ਹਵਾ-ਹਵਾ ਵਿਚ ਜਾ ਮਿਲਦੀ ਹੈ । ਮੌਤ ਤੋਂ ਬਾਅਦ ਕੁਝ ਨਹੀਂ ਬਚਦਾ, ਕੋਈ ਲੋਕ, ਪਰਲੋਕ ਜਾਂ ਪੂਨਰ ਜਨਮ ਆਦਿ ਕੁਝ ਵੀ ਨਹੀਂ ।[2]

**4. ਪਕੁਧ ਕਾਂਤਯਾਨ–**

ਉਹ ਠੰਡਾ ਪਾਣੀ ਇਸਤੇਮਾਲ ਕਰਦਾ ਸੀ । ਉਸਦਾ ਮੱਤ ਸੀ " ਸੱਤ ਪਦਾਰਥ ਕਿਸੇ ਨੇ ਨਹੀਂ ਬਣਾਏ । ਇਹ ਖੰਬੇ ਦੀ ਤਰ੍ਹਾਂ ਅਟਲ ਹਨ । ਇਹ ਨਾ ਹਿਲਦੇ ਹਨ, ਨਾਂ ਬਦਲਦੇ ਹਨ । ਇਕ ਦੂਸਰੇ ਨੂੰ ਨਹੀਂ ਸਤਾਂਦੇ । ਇਕ ਦੂਸਰੇ ਨੂੰ ਸੁਖ ਦੁਖ ਦੇਣ ਵਿਚ ਅਸਮਰਥ ਹਨ । ਇਹ ਪਦਾਰਥ ਹਨ (1) ਜਮੀਨ (2) ਪਾਣੀ (3) ਅੱਗ, (4) ਹਵਾ (5) ਸੁੱਖ (6) ਦੁੱਖ (7) ਜੀਵ, ਇਨ੍ਹਾਂ ਪਦਾਰਥਾਂ ਨੂੰ ਮਾਰਨ ਵਾਲਾ, ਮਰਵਾਣ ਵਾਲਾ, ਸੁਣਨ ਵਾਲਾ, ਜਾਨਣ ਵਾਲਾ, ਵਰਨਣ ਕਰਨ ਵਾਲਾ ਕੋਈ ਨਹੀਂ ।[3]

**5. ਸੰਜਯ ਵੇਲਠੀ ਪੁਤਰ–**

ਇਸ ਮੱਤ ਨੂੰ ਸੰਸ਼ੇਵਾਦੀ ਵੀ ਕਿਹਾ ਜਾਂਦਾ ਹੈ । ਸੰਜੇ ਦਾ ਮੱਤ ਸੀ " ਜੇ ਮੈਨੂੰ ਕੋਈ ਪੁਛੇ ਕਿ ਪਰਲੋਕ ਕੀ ਹੈ ਅਤੇ ਮੈਨੂੰ ਲਗੇ ਕਿ ਪਰਲੋਕ ਹੈ ਤਾਂ ਮੈਂ ਕਹਾਂਗਾ - " ਹਾਂ!" ਜੇ ਮੈਨੂੰ ਅਜਿਹਾ ਨਹੀਂ ਲਗੇਗਾ । ਤਾਂ ਮੈਂ ਆਖਾਂਗਾ ਕਿ ਅਜਿਹਾ ਵੀ ਨਹੀਂ ਕਿ ਪਰਲੋਕ ਨਾ ਹੋਵੇ । ਜੀਵ ਹੈ ਜਾਂ ਨਹੀਂ, ਚੰਗੇ ਬੁਰੇ ਕਰਮ ਦਾ ਫਲ ਮਿਲਦਾ ਹੈ ਜਾਂ ਨਹੀਂ, ਤਥਾਗਤ (ਬੁਧ) ਮੌਤ ਪਿਛੋਂ ਰਹਿੰਦੇ ਹਨ ਜਾਂ ਨਹੀਂ, ਇਨਾਂ ਕਿਸੇ ਸਿਧਾਤਾਂ ਬਾਰੇ ਮੇਰੀ ਕੋਈ ਨਿਸਚਿਤ ਧਾਰਨਾ ਨਹੀਂ ।[4]

**6. ਨਿਰਗ੍ਰੰਥ ਗਿਆਤ ਪੁਤਰ–**

ਇਹ ਭਗਵਾਨ ਮਹਾਵੀਰ ਦਾ ਹੀ ਨਾਮ ਹੈ । 23ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਦੀ ਪਰੰਪਰਾ 4 ਵਰਤਾਂ ਵਿਚ ਯਕੀਨ ਰਖਦੀ ਸੀ । ਇਸੇ ਲਈ ਭਗਵਾਨ ਮਹਾਵੀਰ ਨੂੰ ਚਤੁਰਯਾਮ ਧਰਮ ਦਾ ਪ੍ਰਵਤਕ ਆਖਿਆ ਗਿਆ ਹੈ । ਬਾਅਦ ਵਿਚ ਭਗਵਾਨ

---

1. ਭਾਰਤੀ ਸੰਸਕ੍ਰਿਤੀ ਔਰ ਅਹਿੰਸਾ ਪੰਨਾ 45-46
2. ਭਗਵਾਨ ਬੁੱਧ ਪੰਨਾ 18 ।
3. ਧਮ ਪੱਦ ਅਠ ਕਥਾ 1-144
4. ਭਗਵਾਨ ਬੁੱਧ 181-82

ਮਹਾਵੀਰ ਨੇ ਅਪਰਿਗ੍ਰਹਿ ਵਰਤ ਨੂੰ ਸੰਖੇਪ ਕਰਕੇ ਬ੍ਰਹਮਚਰਜ ਵਰਤ ਦੀ ਅੱਡ ਸਥਾਪਨਾ ਕੀਤੀ । ਜਿਸ ਕਾਰਨ ਇਨ੍ਹਾਂ ਪੰਜ ਨਿਯਮਾਂ ਨੂੰ ਪੰਜ ਮਹਾਵਰਤ ਆਖਦੇ ਹਨ । ਨਿਰਗਰੰਥ ਜੈਨ ਧਰਮ ਦਾ ਪੁਰਾਣਾ ਨਾਂ ਹੈ, ਗਿਆਤ ਭਗਵਾਨ ਮਹਾਵੀਰ ਦੀ ਲਿਛਵੀ ਜਾਤੀ ਦੀ ਇਕ ਉਪ ਸ਼ਾਖਾ ਸੀ ।

ਇਸੇ ਪ੍ਰਕਾਰ ਛੇ ਧਰਮ ਪ੍ਰਚਾਰਕਾਂ ਦਾ ਜੀਵਨ, ਬੁੱਧ, ਗ੍ਰੰਥਾਂ ਤੇ ਅਧਾਰਿਤ ਹੈ । ਪਰ ਸਾਨੂੰ ਬੁੱਧ ਗ੍ਰੰਥਾਂ ਤੇ ਪੂਰਾ ਯਕੀਨ ਨਹੀਂ ਰਖਣਾ ਚਾਹੀਦਾ । ਕਿਉਂਕਿ ਬੁੱਧ ਆਚਾਰਿਆ ਦਾ ਇਕੋ ਇਕ ਉਦੇਸ਼ ਮਹਾਤਮਾ ਬੁੱਧ ਨੂੰ ਹੋਰ ਧਰਮ ਅਚਾਰਿਆ ਤੋਂ ਉਪਰ ਵਿਖਾਣਾ ਹੈ । ਅਜਿਹਾ ਤਰਿਪਿਟਕ ਸਾਹਿਤ ਅਤੇ ਮਿਲਿੰਦ ਪ੍ਰਸ਼ਨ ਕਥਾ ਵਿਚ ਆਮ ਮਿਲਦਾ ਹੈ ।

ਇਸਤੋਂ ਛੁੱਟ ਜੈਨ ਗ੍ਰੰਥ ਰਿਸ਼ੀ ਭਾਸੀਤ ਸੂਤਰ ਵਿਚ, ਅਨੇਕਾਂ ਪੁਰਾਣੇ ਅਤੇ ਭਗਵਾਨ ਮਹਾਵੀਰ ਦੇ ਸਮੇਂ ਦੇ ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ । ਜੋ ਕਿ ਧਾਰਮਿਕ ਪਖੋਂ ਨਹੀਂ ਸਗੋਂ ਇਤਿਹਾਸਕ ਪਖੋਂ ਵੀ ਬਹੁਤ ਮਹੱਤਵਪੂਰਨ ਹੈ ।

ਉਪਰੋਕਤ ਚਰਚਾ ਵਿਚ ਅਸੀਂ ਭਗਵਾਨ ਮਹਾਵੀਰ ਦੇ ਸਮੇਂ ਦੇ ਅਤੇ ਉਨ੍ਹਾਂ ਤੋਂ ਪਹਿਲਾਂ ਮਤਾਂ ਦੀ ਇਤਿਹਾਸ ਪਖੋਂ ਚਰਚਾ ਕੀਤੀ ਹੈ । ਸਿਵਾਏ ਜੈਨ ਅਤੇ ਬੁੱਧ ਧਰਮ ਤੋਂ ਇਨ੍ਹਾ ਮਤਾਂ ਦਾ ਕੋਈ ਇਤਿਹਾਸ ਨਹੀਂ ਮਿਲਦਾ ।

ਜੈਨ ਅਤੇ ਬੁੱਧ ਗ੍ਰੰਥਾਂ ਦਾ ਇਨ੍ਹਾਂ ਮਤਾਂ ਬਾਰੇ ਵਰਨਣ ਬਹੁਤ ਪਖਪਾਤ ਪੂਰਨ ਹੈ । ਇਨ੍ਹਾਂ ਮਤਾਂ ਦਾ ਨਾਂ ਕੋਈ ਗ੍ਰੰਥ ਮਿਲਦਾ ਹੈ ਨਾ ਹੀ ਕੋਈ ਉਪਾਸਕ ਮਿਲਦਾ ਹੈ । ਕਿਸੇ ਵੀ ਜੈਨ ਗ੍ਰੰਥ ਵਿਚ ਮਹਾਤਮਾ ਬੁੱਧ ਦਾ ਜਿਕਰ ਵੀ ਨਹੀਂ ਆਇਆ ।

ਬੁੱਧ, ਗ੍ਰੰਥਾਂ, ਪਿਟਕਾਂ ਸਾਹਿਤ ਵਿਚ ਭਗਵਾਨ ਮਹਾਵੀਰ ਦੀ ਪ੍ਰਾਚੀਨ ਧਰਮ, ਪਰੰਪਰਾ ਬਾਰੇ ਕਾਫੀ ਚਰਚਾ ਮਿਲਦੀ ਹੈ । ਜੇ ਬੁੱਧ ਗ੍ਰੰਥਾਂ ਵਿਚ ਨਿਗੰਠ ਨਾਯ ਪੁੱਤ ਨਾਉ ਨਾ ਹੁੰਦਾ ਤਾਂ ਸ਼ਾਇਦ ਪਛਮੀ ਲੇਖਕ ਭਗਵਾਨ ਮਹਾਵੀਰ ਦੀ ਹੋਂਦ ਨੂੰ ਹੀ ਨਾ ਮੰਨਦੇ । ਮਹਾਤਮਾ ਬੁੱਧ ਦਾ ਚਾਚਾ, ਬੱਪ ਨਿਰਗ੍ਰੰਥਾਂ ਦਾ ਉਪਾਸਕ ਸੀ । ਬੁੱਧ ਗ੍ਰੰਥਾਂ ਵਿਚ ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ ਦੀ ਸਿਧੀ ਮੁਲਾਕਾਤ ਨਹੀਂ ਆਈ, ਸਗੋਂ ਮਹਾਤਮਾ ਬੁੱਧ ਅਤੇ ਭਗਵਾਨ ਮਹਾਵੀਰ ਦੀ ਚੇਲਿਆਂ ਦੀ ਧਰਮ ਚਰਚਾ ਦਾ ਵਰਣਨ ਜਰੂਰ ਆਇਆ ਹੈ । ਇਨ੍ਹਾਂ ਚਰਚਾਵਾਂ ਦਾ ਇਕੋ ਉਦੇਸ਼ ਭਗਵਾਨ ਮਹਾਵੀਰ ਨੂੰ ਨੀਵਾਂ ਵਿਖਾ ਕੇ ਮਹਾਤਮਾ ਬੁੱਧ ਨੂੰ ਉਚਾ ਵਿਖਾਉਣਾ ਹੈ । ਇਨ੍ਹਾਂ ਚਰਚਾਵਾਂ ਵਿਚ ਜੈਨ ਸਿਧਾਤਾਂ ਦੀ ਤੁਲਨਾ, ਬੁੱਧ ਸਿਧਾਤਾਂ ਨਾਲ ਕੀਤੀ ਗਈ ਹੈ ।

ਸਮੁਚੇ ਬੁੱਧ ਸਾਹਿਤ ਵਿਚ ਭਗਵਾਨ ਮਹਾਵੀਰ ਦੀ ਚਰਚਾ 5 ਵਾਰ ਆਈ ਹੈ। ਇਨ੍ਹਾ ਵਿਚੋਂ 32 ਵਾਰ ਮੂਲ ਤਰਿਪ੍ਰਿਟਕ ਗ੍ਰੰਥਾਂ ਵਿਚ ਹੈ । ਮਝੀਮਨਿਕਾਏ ਵਿਚ 10 ਵਾਰ ਹੈ, ਅਤੇ ਦੀਰਘ ਨਿਕਾਏ ਵਿਚ 4 ਵਾਰ ਹੈ । ਅਗੁੰਤਰ ਨਿਕਾਏ, ਸੰਯੁਕਤ ਨਿਕਾਏ ਆਦਿ ਵਿਚ 7-7 ਵਾਰ ਹੈ । ਸੁਤ ਨਿਪਾਤ ਅਤੇ ਵਿਨੈਪਿਟਕ ਵਿਚ ਵੀ 2-2 ਵਾਰ ਚਰਚਾ ਆਈ ਹੈ । ਇਨ੍ਹਾਂ ਚਰਚਾਵਾਂ ਵਿਚ 23ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਦੇ ਚਤਰਯਾਮ ਧਰਮ ਦਾ ਵਰਣਨ, ਨਿਰਗ੍ਰੰਥਾਂ ਦੀਆਂ ਤਪਸਿਆਵਾਂ, ਕਰਮਵਾਦ, ਆਸ਼ਰਵ ਅਭਿਜਾਤੀ (ਲੇਸ਼ਿਆ)

ਲੋਕ, ਪਰਲੋਕ, ਧਿਆਨ, ਕ੍ਰਿਆ, ਅਕ੍ਰਿਆਵਾਂ, ਪਾਤਰ, ਕੁਪਾਤਰ ਦਾਨ ਦਾ ਵਰਨਣ ਜੈਨ ਗ੍ਰੰਥਾਂ ਨਾਲ ਮੇਲ ਖਾਂਦਾ ਹੈ । ਪ੍ਰਸਿੱਧ ਜਰਮਨ ਵਿਦਵਾਨ ਡਾ. ਹੈਰਮਨ ਜੈਕੋਵੀ ਨੇ ਆਪਣੇ ਸੂਤਰ ਕ੍ਰਿਤਾਂਗ ਸੂਤਰ ਅਤੇ ਉਤਰਾਧਿਐਨ ਸੂਤਰ ਦੇ ਅੰਗਰੇਜੀ ਅਨੁਵਾਦ ਵਿਚ ਇਨ੍ਹਾਂ ਚਰਚਾਵਾਂ ਦਾ ਖੁਲ ਕੇ ਵਿਸ਼ਲੇਸ਼ਨ ਕੀਤਾ ਹੈ ।

ਭਗਵਾਨ ਮਹਾਵੀਰ ਅਤੇ ਬੁੱਧ ਇੱਕ ਦੇਸ਼ ਵਿਚ ਜੰਮੇ, ਪਲੇ, ਅਤੇ ਘੁਮੇ ਪਰ ਦੋਹਾਂ ਮਹਾਪੁਰਸ਼ਾਂ ਦਾ ਮਿਲਾਪ ਨਾ ਹੋਣਾ ਬਹੁਤ ਹੀ ਅਨੋਖੀ ਗੱਲ ਹੈ ।

ਪਰ ਕੁਝ ਵੀ ਹੋਵੇ ਬੁੱਧ ਗ੍ਰੰਥਾਂ ਦਾ ਵਰਣਨ, ਭਗਵਾਨ ਮਹਾਵੀਰ ਦੇ ਇਤਿਹਾਸ, ਧਾਰਮਿਕ ਅਤੇ ਸਮਾਜਿਕ ਵਰਨਣ ਪਖੋਂ ਕਾਫੀ ਮਹੱਤਵਪੂਰਨ ਹੈ ।

## ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ

ਕਈ ਪੱਛਮੀ ਇਤਿਹਾਸਕਾਰ ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ ਨੂੰ ਇੱਕ ਹੀ ਸਮਝਦੇ ਰਹੇ । ਇਨ੍ਹਾਂ ਲੇਖਕਾਂ ਨੇ ਬੁੱਧ ਧਰਮ ਨੂੰ ਜੈਨ ਧਰਮ ਦੀ ਸ਼ਾਖਾ ਤੇ ਕਿਸੇ ਨੇ ਜੈਨ ਧਰਮ ਨੂੰ ਬੁੱਧ ਧਰਮ ਦੀ ਸ਼ਾਖਾ ਆਖਿਆ । ਪਰ ਇਨ੍ਹਾਂ ਲੇਖਕਾਂ ਵਿਚੋਂ ਕਿਸੇ ਨੇ ਵੀ ਬੁੱਧ ਗ੍ਰੰਥਾਂ ਵੱਲ ਵੇਖਣ ਦੀ ਕੋਸ਼ਿਸ਼ ਨਹੀਂ ਕੀਤੀ । ਭਗਵਾਨ ਮਹਾਵੀਰ ਦੇ ਉਪਾਸਕ ਨੂੰ ਅਸ਼ੋਕ ਦੇ ਸ਼ਿਲਾਲੇਖਾਂ ਵਿਚ ਨਿਰਗ੍ਰੰਥ ਆਖਿਆ ਗਿਆ ਹੈ । ਇਨ੍ਹਾਂ ਵਿਚ ਬੁੱਧ ਭਿਖਸ਼ੂਆਂ ਲਈ ਸ਼੍ਰਮਣ ਸ਼ਬਦ ਦਾ ਇਸਤੇਮਾਲ ਹੋਇਆ ਹੈ । ਗੋਸ਼ਾਲਕ ਦੇ ਚੇਲਿਆਂ ਲਈ ਆਜੀਵਕ ਅਤੇ ਬ੍ਰਾਹਮਣ ਲਈ ਬ੍ਰਾਹਮਣ ਸ਼ਬਦ ਆਇਆ ਹੈ । ਇਨ੍ਹਾਂ ਇਤਿਹਾਸਕਾਰਾਂ ਦਾ ਉਪਰੋਕਤ ਹਵਾਲੀਆ ਵੱਲ ਧਿਆਨ ਨਾ ਦੇਣਾ ਬਹੁਤ ਹੀ ਹੈਰਾਨ ਕਰਨ ਵਾਲੀ ਗੱਲ ਹੈ । ਇਨ੍ਹਾਂ ਲੇਖਕਾਂ ਨੇ ਜੈਨ ਪੁਰਾਤੱਤਵ ਤੇ ਸਾਹਿਤ ਦਾ ਠੀਕ ਅਧਿਐਨ ਨਹੀਂ ਕੀਤਾ ।

ਡਾ. ਹਰਮਣ ਜੈਕੋਵੀ ਨੇ ਸਭ ਤੋਂ ਪਹਿਲਾਂ ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ ਦਾ ਫਰਕ ਸ੍ਰੀ ਅਚਾਰੰਗ ਸੂਤਰ ਦੀ ਭੂਮਿਕਾ ਵਿਚ ਖੁੱਲ ਕੇ ਕੀਤਾ ਹੈ । ਭਗਵਾਨ ਮਹਾਵੀਰ ਅਤੇ ਮਹਾਤਮਾ ਬੁੱਧ ਦੀ ਦਿਤੀ ਜਾਣਕਾਰੀ ਦਾ ਅਸੀਂ ਹੁਣ ਚਰਚਾ ਕਰਾਂਗੇ ।

## ਭਗਵਾਨ ਮਹਾਵੀਰ ( 599-527 ਵੀ. ਸੀ.)

| ਘਰ ਦਾ ਨਾਂ | ਕੁਲ | ਜਨਮ ਸਥਾਨ | ਮਾਤਾ ਦਾ ਨਾਂ | ਪਿਤਾ ਦਾ ਨਾਂ |
|---|---|---|---|---|
| **ਵਰਧਮਾਨ** | **ਗਿਆਤ ਲਿਛਵੀਂ** | **ਖਤਰੀ ਕੁੰਡ ਗ੍ਰਾਮ** | **ਤ੍ਰਿਸ਼ਲਾ** | **ਰਾਜਾ ਸਿਧਾਰਥ** |
| ਬੜੇ ਭਰਾ ਦਾ ਨਾਂ | ਭੈਣ ਦਾ ਨਾਂ | ਪਤਨੀ | ਪੁਤਰੀ | ਜਮਾਈ ਦਾ ਨਾਂ |
| **ਨਦੀ ਵਰਧਨ** | **ਸੁਦਰਸ਼ਨਾ** | **ਯਸ਼ੋਧਾ** | **ਪ੍ਰਿਆਦਰਸ਼ਨਾ** | **ਜਮਾਲੀ** |
| ਦੀਖਿਆ | ਕੇਵਲ ਗਿਆਨ | ਉਮਰ | ਨਿਰਵਾਨ ਸਥਾਨ | ਪ੍ਰਮੁਖ ਚੇਲੇ ਦਾ ਨਾਂ |
| **ਗਿਆਤ ਖੰਡ** | **ਰਿਜੂ ਬਾਲਕਾ ਨਦੀ** | **72 ਸਾਲ** | **ਪਾਵਾਪੁਰੀ** | **ਇੰਦਰਭੂਤੀ** |

## ਮਹਾਤਮਾ ਬੁਧ (581-647 ਈ. ਪੂ.)

| ਘਰ ਦਾ ਨਾਂ | ਕੁਲ | ਜਨਮ ਸਥਾਨ | ਮਾਤਾ ਦਾ ਨਾਂ | ਪਿਤਾ ਦਾ ਨਾਂ | ਚਾਚੇ ਦਾ ਨਾਂ |
|---|---|---|---|---|---|
| **ਸਿਧਾਰਥ** | **ਸ਼ਾਕ** | **ਲੁਬਨੀ** | **ਮਾਇਆ ਦੇਵੀ** | **ਸੁਸ਼ੋਧਨ** | **ਬਪ** |
| ਪਤਨੀ | ਪੁਤਰ | ਗਿਆਨ ਸਥਾਨ | ਕੁਲ ਉਮਰ | ਨਿਰਵਾਨ | ਪ੍ਰਮੁਖ ਚੇਲੇ |

ਯਸ਼ੋਦਰਾ ਰਾਹੁਲ ਬੁਧ (ਗਯਾ) 80 ਸਾਲ ਕੁਸ਼ਿਆਰਾ ਆਨੰਦ

ਇਨ੍ਹਾਂ ਫਰਕਾਂ ਤੋਂ ਛੁਟ ਡਾ: ਹਰਮਨ ਜੈਕੋਬੀ ਨੇ ਬਹੁਤ ਸਪਸ਼ਟ ਕਰਕੇ ਭਗਵਾਨ ਮਹਾਵੀਰ ਨੂੰ ਹੀ ਨਹੀਂ, ਭਗਵਾਨ ਪਾਰਸ਼ਵਨਾਥ ਨੂੰ ਇਤਿਹਾਸਕ ਮਹਾਪੁਰਸ਼ ਸਿੱਧ ਕਰ ਦਿਤਾ ਹੈ । ਬੁਧ ਗ੍ਰੰਥ ਅਨੁਸਾਰ ਮਹਾਤਮਾ ਬੁੱਧ ਦਾ ਚਾਚਾ ਬੱਪ ਪਾਰਸ਼ਵ ਨਾਥ ਦੀ ਪ੍ਰੰਪਰਾ ਦਾ ਉਪਾਸ਼ਕ ਸੀ । ਭਗਵਾਨ ਮਹਾਵੀਰ ਦੇ ਮਾਤਾ-ਪਿਤਾ ਵੀ ਇਸੇ ਪ੍ਰੰਪਰਾ ਨੂੰ ਮੰਨਦੇ ਸਨ ।

ਉਸਨੇ ਜੈਨ ਧਰਮ ਅਤੇ ਬੁਧ ਧਰਮ ਦਾ ਵੀ ਜਿਕਰ ਕੀਤਾ ਹੈ ਵੇਖਣ ਨੂੰ ਜੈਨ ਧਰਮ ਅਤੇ ਬੁੱਧ ਧਰਮ ਕਾਫੀ ਨਜਦੀਕ ਹਨ । ਦੋਵੇਂ ਧਰਮ ਨਿਰਵਾਨ ਨੂੰ ਮੰਨਦੇ ਹਨ । ਪਰ ਬੁੱਧ ਧਰਮ ਵਾਲੇ, ਜੈਨ ਧਰਮ ਦੀ ਤਰ੍ਹਾਂ ਆਤਮਾ ਨੂੰ ਅਜਰ ਅਮਰ ਨਹੀਂ ਮੰਨਦੇ । ਬੁੱਧ ਧਰਮ ਵਿਚ ਅਹਿੰਸਾ ਦੇ ਸਿਧਾਂਤ ਦੇ ਇਨਾ ਜੋਰ ਨਹੀਂ ਦਿਤਾ ਗਿਆ, ਜਿਨ ਜੈਨ ਧਰਮ ਵਿਚ ਦਿਤਾ ਗਿਆ ਹੈ । ਜੈਨੀਆਂ ਦੇ ਅਨੇਕਾਂਤ ਵਾਦ ਦੇ ਨਾਂ ਦੇ ਸਿਧਾਂਤ ਤੋਂ ਦੁਨੀਆਂ ਦਾ ਕੋਈ ਧਰਮ ਵੀ ਜਾਣੂ ਨਹੀਂ ।

ਹਾਂ, ਬੁੱਧ ਧਰਮ ਵਿਚ ਭਿਖਸ਼ੂ ਲਈ ਸ਼੍ਰਮਣ ਸ਼ਬਦ ਆਇਆ ਹੈ । ਇਸਤੋਂ ਛੁੱਟ ਅਰਿਹੰਤ, ਜਿਨ, ਮਹਾਵੀਰ, ਸਵੈ ਬੁਧ ਸ਼ਬਦ ਦੋਵੇਂ ਧਰਮਾਂ ਵਿਚ ਇਕਠੇ ਮਿਲਦੇ ਹਨ ਜਿਸ ਕਾਰਣ ਆਮ ਲੋਕਾਂ ਨੂੰ ਭਗਵਾਨ ਮਹਾਵੀਰ ਅਤੇ ਮਹਾਤਮਾ ਬੁਧ ਵਿਚ ਫਰਕ ਕਰਨਾ ਔਖਾ ਹੋ ਜਾਂਦਾ ਹੈ ।

ਜੈਨ ਧਰਮ ਇਕ ਸੁਤੰਤਰ ਧਰਮ ਹੈ । ਜੈਨ ਪਰੰਪਰਾ ਬਹੁਤ ਪ੍ਰਾਚੀਨ ਹੈ । ਜੈਨ ਧਰਮ ਨਾ ਕਿਸੇ ਧਰਮ ਦੀ ਸ਼ਾਖਾ ਹੈ ਅਤੇ ਨਾ ਹੀ ਭਗਵਾਨ ਮਹਾਵੀਰ ਅਤੇ ਬੁਧ ਇਕ ਸਨ ਇਹ ਠੀਕ ਹੈ ਕਿ ਜੈਨ ਧਰਮ ਦਾ ਬੁੱਧ ਧਰਮ ਉਪਰ ਕਾਫੀ ਅਸਰ ਹੈ ।

# ਤੀਰਥੰਕਰ ਭਗਵਾਨ ਮਹਾਵੀਰ

ਇਹ ਪੁਸਤਕ ਪੰਜਾਬੀ ਭਾਸ਼ਾ ਵਿਚ ਲਿਖੀ ਸੰਸਾਰ ਵਿਚ ਪਹਿਲੀ ਪੁਸਤਕ ਹੈ . ਇਹ ਪੁਸਤਕ ਲਿਖਣ ਲਗਿਆਂ ਸਾਨੂੰ ਪ੍ਰਮਾਣਿਕ ਸਮਗਰੀ ਦੀ ਘਾਟ ਮਹਿਸੂਸ ਹੁੰਦੀ ਰਹੀ ਹੈ । ਪੁਸਤਕ ਲਿਖਣ ਲਗਿਆਂ ਅਸੀਂ ਇਸ ਪੁਸਤਕ ਦੀ ਭਾਸ਼ਾ, ਛਪਾਈ ਅਤੇ ਆਕਾਰ ਦਾ ਖਾਸ ਧਿਆਨ ਰਖਿਆ ਹੈ । ਇਸ ਪੁਸਤਕ ਦੀ ਲਿਖਾਈ ਲਈ ਭਿੰਨ ਭਿੰਨ ਗ੍ਰੰਥਾਂ ਅਤੇ ਪਰੰਪਰਾਵਾਂ ਦੀ ਮਦਦ ਲਈ ਹੈ । ਇਸ ਦੇ ਨਾਲ ਨਾਲ ਅਸੀਂ ਪਰਮ ਸ਼ਰਧੇ ਉਪਾਧਿਆਏ ਸ੍ਰੀ ਅਮਰ ਮੁਨੀ ਜੀ ਦੇ ਉਨ੍ਹਾਂ ਵਲੋਂ ਲਿਖੀ ਭੂਮਿਕਾ ਲਈ ਵੀ ਧੰਨਵਾਦੀ ਹਾਂ । ਸਭ ਤੋਂ ਵੱਧ ਅਸੀਂ ਇਸ ਪੁਸਤਕ ਦੀ ਪ੍ਰੇਰਿਕਾ ਮਹਾਸਾਧਵੀ, ਮਹਾਸ਼੍ਰਮਣੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਦਿਲੋਂ ਰਿਣੀ ਹਾਂ ਕਿ ਉਨ੍ਹਾਂ ਸਾਨੂੰ ਇਕ ਇਤਿਹਾਸਕ ਮੌਕਾ ਦਿਤਾ ਹੈ । ਇਸ ਤੋਂ ਛੁਟ ਅਸੀਂ ਸਾਧੂ ਰਤਨ ਸ੍ਰੀ ਰਤਨ ਮੁਨੀ ਜੀ ਮਹਾਰਾਜ, ਪੰਜਾਬ ਕੇਸਰੀ ਸ੍ਰੀ ਵਿਮਲ ਮੁਨੀ ਜੀ ਮਹਾਰਾਜ, ਅਰਿਹੰਤ ਸੰਘ ਦੇ ਆਚਾਰੀਆ ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ, ਆਚਾਰੀਆ ਸ੍ਰੀ ਤੁਲਸੀ ਦੇ ਸ਼ਿਸ਼ ਸ੍ਰੀ ਰੋਸ਼ਨ ਮੁਨੀ ਜੀ, ਜੈ ਚੰਦ ਜੀ ਮਹਾਰਾਜ, ਅਚਾਰੀਆ ਇੰਦਰਦਿਨ

ਸੂਰੀ ਜੀ ਮਹਾਰਾਜ ਅਤੇ ਅਚਾਰੀਆ ਆਨੰਦ ਰਿਸ਼ੀ ਜੀ ਮਹਾਰਾਜ ਦੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਆਪਣੇ ਆਸ਼ੀਰਵਾਦਾਂ ਅਤੇ ਸੁਝਾਵਾਂ ਰਾਹੀਂ ਸਾਡਾ ਹੌਂਸਲਾ ਵਧਾਇਆ ਹੈ ।

ਸਾਨੂੰ ਆਸ ਹੈ ਕਿ ਸਾਡੀ ਇਹ ਕੋਸ਼ਿਸ਼ ਜੈਨ ਧਰਮ ਦੇ ਭਗਵਾਨ ਮਹਾਵੀਰ ਬਾਰੇ ਜਾਣਨ ਵਾਲੇ ਪੰਜਾਬੀ ਪਾਠਕਾਂ ਦੀ ਕੁਝ ਇੱਛਾ ਪੂਰੀ ਕਰ ਸਕੇਗੀ । ਇਸ ਸਮੇਂ ਇਕ ਸ਼ੁਭ ਮੌਕਾ ਕਾਨਫਰੰਸ ਵਿਸ਼ਵ ਪੰਜਾਬੀ ਕਾਨਫਰੰਸ ਦਿੱਲੀ ਦਾ ਹੈ ।

ਪਾਠਕਾਂ ਦੀ ਪੁਰਜ਼ੋਰ ਮੰਗ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ B.A. ਧਰਮ ਲਈ ਭਗਵਾਨ ਮਹਾਵੀਰ ਪੁਸਤਕ ਦਾ ਦੂਸਰਾ ਐਡੀਸ਼ਨ ਮਹਾਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਲਾਲਾ ਸੁਸ਼ੀਲ ਕੁਮਾਰ ਜੈਨ ਪ੍ਰਧਾਨ ਐਸ. ਐਸ. ਜੈਨ ਸਭਾ ਪ੍ਰੇਮ ਭਵਨ ਕਰੋਲ ਬਾਗ ਨੇ ਆਪਣੀ ਪੂਜ ਮਾਤਾ ਜੀ ਦੀ ਯਾਦ ਵਿਚ ਛਪਾਇਆ ਹੈ। ਅਸੀਂ ਇਸ ਸਹਿਯੋਗ ਲਈ ਗੁਰੂਣੀ ਜੀ ਮਹਾਰਾਜ ਦੀ ਪ੍ਰੇਰਣਾ ਨੂੰ ਪ੍ਰਣਾਮ ਕਰਦੇ ਹੋਏ, ਲਾਲਾ ਜੀ ਦੀ ਸੰਸਥਾ ਵਲੋਂ ਧੰਨਵਾਦ ਕਰਦੇ ਹਾਂ ਅਤੇ ਗੁਰੂਣੀ ਜੀ ਨੂੰ ਪ੍ਰਣਾਮ ਕਰਦੇ ਹਾਂ ਇਹ ਪੁਸਤਕ ਉਨ੍ਹਾਂ ਦੇ ਕਰ ਕਮਲਾਂ ਵਿਚ ਸਮਰਪਿਤ ਕਰਦੇ ਹਾਂ ।

ਅੰਤ ਵਿਚ ਅਸੀਂ ਇਸ ਗ੍ਰੰਥ ਵਿਚ ਰਹਿ ਗਈਆਂ ਤਰੁਟੀਆਂ ਪ੍ਰਤੀ ਖਿਮਾ ਚਾਹੁੰਦੇ ਹਾਂ । ਸਾਨੂੰ ਆਸ ਹੈ ਕਿ ਸੂਝਵਾਨ ਪਾਠਕ ਸਾਡੀਆਂ ਗਲਤੀਆਂ ਵੱਲ ਧਿਆਨ ਨਾ ਦਿੰਦੇ ਹੋਏ ਪੁਸਤਕ ਦੇ ਮੂਲ ਉਦੇਸ਼ ਨੂੰ ਸਮਝਣਗੇ ।

ਸ਼ੁਭ ਕਾਮਨਾਵਾਂ ਸਹਿਤ,

ਸ਼ੁਭ ਚਿੰਤਕ

ਰਵਿੰਦਰ ਕੁਮਾਰ ਜੈਨ
ਪੁਰਸ਼ੋਤਮ ਦਾਸ ਜੈਨ

ਮਹਾਵੀਰ ਸਟਰੀਟ,
ਮਲੇਰ ਕੋਟਲਾ

# ਮਹਾਨ ਜੈਨ ਸ਼੍ਰਾਵਿਕਾ, ਪੂਜਣ ਯੋਗ

# ਮਾਤਾ ਲਾਜਵੰਤੀ ਜੀ ਜੈਨ

## (ਸਿਆਲ ਕੋਟ ਵਾਲੇ)

ਜੈਨ ਧਰਮ ਵਿਚ ਇਸਤਰੀ ਦਾ ਮਹੱਤਵਪੂਰਨ ਸਥਾਨ ਹੈ । ਸੰਸਾਰ ਦਾ ਜੈਨ ਧਰਮ ਪਹਿਲਾ ਧਰਮ ਹੈ ਜਿਸਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਧਾਰਮਿਕ ਤੇ ਸਮਾਜਿਕ ਦਰਜਾ ਪ੍ਰਦਾਨ ਕੀਤਾ । ਭਗਵਾਨ ਰਿਸ਼ਵਦੇਵ ਤੋਂ ਭਗਵਾਨ ਮਹਾਵੀਰ ਤਕ 24 ਤੀਰਥੰਕਰਾਂ ਨੇ ਆਪਣੇ ਸੰਘ ਸਥਾਪਿਤ ਕਰਦੇ ਸਮੇਂ ਸਾਧਵੀ ਦੇ ਨਾਲ ਨਾਲ ਸ਼੍ਰਾਵਿਕਾ ਦੇ ਸੰਘ ਦੀ ਸਥਾਪਨਾ ਕੀਤੀ । ਇਸ ਸ੍ਰੀ ਸੰਘ ਨੂੰ ਤੀਰਥੰਕਰ ਕੇਵਲ ਗਿਆਨ ਸਮੇਂ ਨਮਸਕਾਰ ਕਰਦੇ ਹਨ ।

ਜੈਨ ਸ਼੍ਰਾਵਿਕਾ (ਪ੍ਰੰਪਰਾ) ਵਿੱਚ ਮਾਤਾ ਮਰੂ ਦੇਵੀ ਮੋਕਸ਼ ਨੂੰ ਜਾਨ ਵਾਲੀ ਇਸ ਯੁਗ ਦੀ ਪਹਿਲੀ ਉਪਾਸਿਕਾ ਸੀ । ਭਗਵਾਨ ਮਹਾਵੀਰ ਦੇ ਸਮੇਂ ਸੁਲਸਾ, ਰੇਵਤੀ ਆਦਿ ਸ਼੍ਰਾਵਿਕਾਵਾਂ ਜੈਨ ਧਰਮ ਦਾ ਸ਼ਿੰਗਾਰ ਸਨ । ਇਹ ਪ੍ਰੰਪਰਾ ਹੁਣ ਤੱਕ ਚੱਲ ਰਹੀ ਹੈ । ਇਸੇ ਉਪਾਸਿਕਾ ਦੀ ਕੜੀ ਸਨ ਸਾਡੇ ਮਾਤਾ ਸ੍ਰੀਮਤੀ ਲਾਜਵੰਤੀ ਜੈਨ ।

ਆਪ ਸਿਆਲਕੋਟ ਸ਼ਹਿਰ ਦੇ ਪ੍ਰਸਿੱਧ ਉਪਾਸਕ ਲਾਲਾ ਸਰਦਾਰੀ ਲਾਲ ਜੀ ਜੈਨ ਦੀ ਧਰਮ ਪਤਨੀ ਸਨ । ਸਾਰਾ ਜੀਵਨ ਆਪਣੇ ਦਾਨ, ਸ਼ੀਲ ਤਪ ਅਤੇ ਗਿਆਨ ਦੀ ਅਰਾਧਨਾ ਵਿਚ ਅਰਪਨ ਕ਼ੀਤਾ । ਦੋਵੇਂ ਪਤੀ ਪਤਨੀ ਹੀ ਜੈਨ ਧਰਮ ਪ੍ਰਤੀ ਸਮਰਪਿਤ ਸਨ। ਦੀਨ ਦੁਖੀਆਂ ਦੀ ਨਿਸ਼ਕਾਮ ਸੇਵਾ ਕਰਨਾ ਮਾਤਾ ਜੀ ਆਪਣਾ ਕਰਤਵ ਸਮਝਦੇ ਸਨ । ਸਾਧੂ ਸਾਧਵੀਆਂ ਦੀ ਪੂਜਾ, ਭਗਤੀ ਅਤੇ ਦਰਸ਼ਨ ਉਨ੍ਹਾਂ ਦਾ ਜੀਵਨ ਸੀ । ਸਾਰਾ ਦਿਨ ਸਮਾਇਕ, ਤੱਪ, ਪ੍ਰਤਿਕ੍ਰਮਣ, ਮੁਨੀ ਦਰਸ਼ਨ ਅਤੇ ਤੱਤਵ ਚਰਚਾ ਵਿਚ ਗੁਜਰਦਾ ਸੀ।

ਆਪਨੇ ਆਪਣੇ ਜੀਵਨ ਵਿਚ ਅਨੇਕਾਂ ਵਾਰ ਇਕ ਵਰਤ, ਦੋ ਵਰਤ, ਤਿੰਨ ਵਰਤ ਅਤੇ ਅੱਠ ਵਰਤ ਰਖੇ । ਆਪ ਦੀ ਤੱਪਸਿਆ ਸੰਸਾਰਿਕ ਸੁੱਖਾਂ ਲਈ ਨਹੀਂ ਸੀ, ਸਗੋਂ ਕਰਮਾਂ ਦੇ ਕੱਟਣ ਲਈ ਸੀ ।

ਆਪ ਮਹਾ ਸਾਧਵੀ ਜੈਨ ਜਯੋਤੀ ਸ੍ਰੀ ਸਵਰਨ ਕਾਂਤਾਂ ਜੀ ਮਹਾਰਾਜ ਦੀ ਪਰਮ ਭਗਤ ਸਨ । ਲਾਲਾ ਸਰਦਾਰੀ ਲਾਲ ਜੀ ਜੈਨ ਦਾ ਕਰੋਲ ਬਾਗ ਵਿਖੇ ਪ੍ਰੇਮ ਭਵਨ ਜੈਨ ਸਥਾਨਕ ਦੀ ਉਸਾਰੀ ਵਿਚ ਪ੍ਰਮੁਖ ਹੱਥ ਰਿਹਾ ਹੈ । ਆਪ ਲੰਬਾ ਸਮਾਂ ਸਮਾਂ ਐਸ. ਐਸ. ਜੈਨ ਸਭਾ ਕਰੋਲ ਬਾਗ ਦੇ ਪ੍ਰਧਾਨ ਰਹੇ ।

ਮਾਤਾ ਜੀ ਦੇ ਧਾਰਮਿਕ ਸੰਸਕਾਰਾਂ ਦਾ ਅਸਰ ਉਨ੍ਹਾਂ ਦੇ ਸਪੁੱਤਰ ਸ੍ਰੀ ਸੁਸ਼ੀਲ ਕੁਮਾਰ ਜੈਨ ਤੇ ਪੂਰਾ ਹੈ । ਆਪਨੇ ਆਪਣੀ ਮਾਤਾ ਜੀ ਦੀ ਸੇਵਾ ਕਰਕੇ ਰਮਾਇਣ ਕਾਲ ਦੇ ਸਰਵਨ ਕੁਮਾਰ ਦੀ ਉਦਾਹਰਣ ਪੇਸ਼ ਕੀਤੀ । ਆਪ ਅੱਜਕਲ੍ਹ ਕਰੋਲ ਬਾਗ ਪ੍ਰੇਮ ਭਵਨ

ਐਸ. ਐਸ. ਜੈਨ ਸਭਾ ਦੇ ਪ੍ਰਧਾਨ ਹਨ । ਆਪ ਨੇ ਜੈਨ ਸਾਧਵੀ ਸ੍ਰੀ ਸਵਰਨ ਕਾਤਾਂ ਜੀ ਮਹਾਰਾਜ ਦੀ ਪ੍ਰੇਰਨਾ ਨਾਲ ਭਗਵਾਨ ਮਹਾਵੀਰ ਦੇ ਜੀਵਨ ਚਰਿਤਰ ਦਾ ਖਰਚ ਕਰਕੇ ਮਾਤਾ ਸ੍ਰੀਮਤੀ ਲਾਜਵੰਤੀ ਦੀ ਯਾਦ ਨੂੰ ਤਾਜਾ ਕੀਤਾ ਹੈ, ਉਥੇ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਰਾਜ ਦਾ ਆਸ਼ੀਰਵਾਦ ਵੀ ਪ੍ਰਾਪਤ ਕੀਤਾ ਹੈ । ਉਨ੍ਹਾਂ ਦੀ ਮਾਤਰ ਭਗਤੀ ਸਰਾਹਣ ਯੋਗ ਹੈ । ਗੁਰੂਣੀ ਦੇ ਪ੍ਰਤਿ ਆਪ ਦਾ ਸਮਰਪਣ ਮਹਾਨ ਹੈ । ਅਸੀਂ ਆਪ ਜੀ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਇਸ ਪੁਸਤਕ ਦੀ ਪ੍ਰੇਰਿਕਾ ਜੈਨ ਸਾਧਵੀ ਉਪ ਪ੍ਰਵਰਤਨੀ ਸ੍ਰੀ ਸਵਰਨ ਕਾਤਾਂ ਜੀ ਮਹਾਰਾਜ ਦੇ ਚਰਨਾਂ ਵਿਚ ਬੰਦਨਾ ਨਮਸਕਾਰ ਕਰਦੇ ਹੋਏ, ਉਨ੍ਹਾਂ ਨੂੰ ਭਗਵਾਨ ਮਹਾਵੀਰ ਪੁਸਤਕ ਸਮਰਪਿਤ ਕਰਦੇ ਹਾਂ ।

**ਸ਼ੁਭਚਿੰਤਕ**

**ਰਵਿੰਦਰ ਜੈਨ, ਪੁਰਸ਼ੋਤਮ ਜੈਨ**